**ਨਿਊਜ਼** ਰਿਲੀਜ਼

# ਵਧੇਰੇ ਅਲਬਰਟਾ ਵਾਸੀਆਂ ਲਈ ਕਾਨੂੰਨੀ ਸਹਾਇਤਾ ਨੂੰ ਪਹੁੰਚਯੋਗ ਬਣਾਉਣਾ

14 ਫਰਵਰੀ, 2024 ਮੀਡੀਆ ਵੱਲੋਂ ਪੁੱਛਗਿੱਛ

## ਅਲਬਰਟਾ ਦੀ ਸਰਕਾਰ ਵਿੱਤੀ ਯੋਗਤਾ ਲਈ ਦਿਸ਼ਾ-ਨਿਰਦੇਸ਼ਾਂ ਨੂੰ ਵਧਾ ਰਹੀ ਹੈ ਤਾਂ ਜੋ ਵਧੇਰੇ ਅਲਬਰਟਾ ਵਾਸੀ ਕਾਨੂੰਨੀ ਸਹਾਇਤਾ ਲਈ ਯੋਗ ਹੋ ਸਕਣ ਅਤੇ ਆਪਣੀ ਲੋੜ ਦੀ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਣ।

ਲੀਗਲ ਏਡ ਅਲਬਰਟਾ, ਅਲਬਰਟਾ ਦੇ ਕੁਝ ਸਭ ਤੋਂ ਕਮਜ਼ੋਰ ਨਾਗਰਿਕਾਂ ਦੀ ਸਹਾਇਤਾ ਕਰਕੇ ਨਿਆਂ ਦੇ ਪ੍ਰਸ਼ਾਸਨ ਵਿੱਚ ਇੱਕ ਅਨਿੱਖੜਵੀਂ ਭੂਮਿਕਾ ਨਿਭਾਉਂਦੀ ਹੈ। ਇਹ ਘੱਟ ਆਮਦਨੀ ਵਾਲੇ ਅਲਬਰਟਾ ਵਾਸੀਆਂ ਲਈ ਪਰਿਵਾਰਕ ਕਾਨੂੰਨ, ਪਰਿਵਾਰਕ ਹਿੰਸਾ ਦੇ ਮਾਮਲਿਆਂ, ਬਾਲ ਭਲਾਈ, ਇਮੀਗ੍ਰੇਸ਼ਨ ਦੇ ਨਾਲ-ਨਾਲ ਨੌਜਵਾਨਾਂ ਅਤੇ ਬਾਲਗ ਫੌਜਦਾਰੀ ਬਚਾਅ ਵਿੱਚ ਕਿਫ਼ਾਇਤੀ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਦੀ ਹੈ।

ਇਹ ਯਕੀਨੀ ਬਣਾਉਣ ਲਈ ਕਿ ਵਧੇਰੇ ਅਲਬਰਟਾ ਵਾਸੀਆਂ ਦੀ ਕਾਨੂੰਨੀ ਸਹਾਇਤਾ ਸੇਵਾਵਾਂ ਤੱਕ ਪਹੁੰਚ ਹੋਵੇ, ਅਲਬਰਟਾ ਦੀ ਸਰਕਾਰ ਯੋਗ ਬਣਾਉਣ ਵਾਲੀ ਆਮਦਨ ਸੀਮਾ, ਜਿਸ ਨੂੰ ਵਿੱਤੀ ਯੋਗਤਾ ਦਿਸ਼ਾ-ਨਿਰਦੇਸ਼ਾਂ ਵਜੋਂ ਵੀ ਜਾਣਿਆ ਜਾਂਦਾ ਹੈ, ਨੂੰ ਪ੍ਰਤੀ ਸਾਲ $24,456 (ਕੁੱਲ) ਤੋਂ ਵਧਾ ਕੇ $30,000 (ਕੁੱਲ) ਪ੍ਰਤੀ ਸਾਲ ਕਰ ਰਹੀ ਹੈ। ਇਸਦਾ ਮਤਲਬ ਹੈ ਕਿ ਕੋਈ ਵੀ ਵਿਅਕਤੀ ਜੋ ਪ੍ਰਤੀ ਸਾਲ $30,000 (ਕੁੱਲ) ਕਮਾਉਂਦਾ ਹੈ, ਕਾਨੂੰਨੀ ਸਹਾਇਤਾ ਦੁਆਰਾ ਪ੍ਰਤਿਨਿਧਤਾ ਪ੍ਰਾਪਤ ਕਰਨ ਦੇ ਯੋਗ ਬਣ ਸਕਦਾ ਹੈ, ਅਤੇ ਇਸ ਤਰ੍ਹਾਂ ਵਧੇਰੇ ਅਲਬਰਟਾ ਵਾਸੀਆਂ ਲਈ ਕਾਨੂੰਨੀ ਸਹਾਇਤਾ ਸੇਵਾਵਾਂ ਤੱਕ ਪਹੁੰਚ ਕਰਨ ਦੇ ਦਰਵਾਜ਼ੇ ਖੁੱਲ੍ਹ ਜਾਣਗੇ।

ਨਵੇਂ ਯੋਗਤਾ ਦਿਸ਼ਾ-ਨਿਰਦੇਸ਼ 1 ਅਪ੍ਰੈਲ ਤੋਂ ਲਾਗੂ ਹੋਣਗੇ।

"ਕਾਨੂੰਨੀ ਸਹਾਇਤਾ ਲੋਕਾਂ ਦੀ ਉਹਨਾਂ ਦੇ ਜੀਵਨ ਦੇ ਕੁਝ ਸਭ ਤੋਂ ਮੁਸ਼ਕਲ ਸਮਿਆਂ ਵਿੱਚ ਮਦਦ ਕਰਦੀ ਹੈ। ਭਾਵੇਂ ਇਹ ਬਾਲ ਸਹਾਇਤਾ ਲਈ ਲੜ ਰਹੇ ਮਾਪੇ ਹੋਣ ਜਾਂ ਕਿਸੇ ਦੁਰਵਿਹਾਰ ਕਰਨ ਵਾਲੇ ਸਾਥੀ ਤੋਂ ਭੱਜ ਰਿਹਾ ਘਰੇਲੂ ਹਿੰਸਾ ਤੋਂ ਬਚ ਕੇ ਨਿਕਲਿਆ ਵਿਅਕਤੀ ਹੋਵੇ, ਅਦਾਲਤਾਂ ਦੇ ਸਾਹਮਣੇ ਨਿਰਪੱਖਤਾ ਕਿਸੇ ਵਿਅਕਤੀ ਦੇ ਬੈਂਕ ਖਾਤੇ ਦੇ ਆਕਾਰ 'ਤੇ ਨਿਰਭਰ ਨਹੀਂ ਹੋਣੀ ਚਾਹੀਦੀ। ਵਿੱਤੀ ਯੋਗਤਾ ਦੇ ਦਿਸ਼ਾ-ਨਿਰਦੇਸ਼ਾਂ ਨੂੰ ਵਧਾਉਣ ਨਾਲ ਵਧੇਰੇ ਅਲਬਰਟਾ ਵਾਸੀ ਕਾਨੂੰਨੀ ਸਹਾਇਤਾ ਲਈ ਯੋਗ ਬਣ ਸਕਣਗੇ ਅਤੇ ਲੋੜ ਪੈਣ 'ਤੇ ਲੋੜੀਂਦੀ ਮਦਦ ਪ੍ਰਾਪਤ ਕਰ ਸਕਣਗੇ।"

*ਮਿਕੀ ਐਮਰੀ (Mickey Amery), ਨਿਆਂ ਮੰਤਰੀ ਅਤੇ ਅਟਾਰਨੀ ਜਨਰਲ*

"50 ਸਾਲਾਂ ਤੋਂ, ਲੀਗਲ ਏਡ ਅਲਬਰਟਾ ਨੇ ਅਲਬਰਟਾ ਵਾਸੀਆਂ ਲਈ ਕਾਨੂੰਨੀ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕੀਤੀ ਹੈ। ਸਾਡੀਆਂ ਸੇਵਾਵਾਂ ਤੱਕ ਪਹੁੰਚ ਵਧਾਉਣ ਦਾ ਮਤਲਬ ਹੈ ਕਿ ਵਧੇਰੇ ਅਲਬਰਟਾ ਵਾਸੀ ਕਾਨੂੰਨੀ ਪ੍ਰਣਾਲੀ ਦੀਆਂ ਜਟਿਲਤਾਵਾਂ ਨਾਲ ਨਜਿੱਠਣ

ਲਈ ਲੋੜੀਂਦੀ ਮਦਦ ਪ੍ਰਾਪਤ ਕਰ ਸਕਣਗੇ। ਇਹ ਪੇਅਚੈੱਕ ਤੋਂ ਪੇਅਚੈੱਕ 'ਤੇ ਜੀਅ ਰਹੇ ਅਲਬਰਟਾ ਵਾਸੀਆਂ ਲਈ ਨਿਆਂ ਤੱਕ ਪਹੁੰਚ ਵਿੱਚ ਸੁਧਾਰ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ।"

*ਗਿਆਨਪਾਓਲੋ (ਜੌਨ) ਪਨੂਸਾ [Gianpaolo (John) Panusa], ਪ੍ਰੈਜ਼ੀਡੈਂਟ ਅਤੇ CEO, ਲੀਗਲ ਏਡ ਅਲਬਰਟਾ*

ਅਲਬਰਟਾ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਅਲਬਰਟਾ ਵਾਸੀਆਂ ਦੀ ਇੱਕ ਪ੍ਰਭਾਵਸ਼ਾਲੀ ਅਤੇ ਕਿਫਾਇਤੀ ਨਿਆਂ ਪ੍ਰਣਾਲੀ ਤੱਕ ਪਹੁੰਚ ਹੋਵੇ ਅਤੇ ਇਹ ਲੀਗਲ ਏਡ ਅਲਬਰਟਾ ਦਾ ਸਮਰਥਨ ਕਰਨਾ ਜਾਰੀ ਰੱਖੇਗੀ ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਇਹ ਮਹੱਤਵਪੂਰਨ ਸੇਵਾਵਾਂ ਉਹਨਾਂ ਲਈ ਪਹੁੰਚਯੋਗ ਹਨ ਜਿਨ੍ਹਾਂ ਨੂੰ ਉਹਨਾਂ ਦੀ ਲੋੜ ਹੈ।

# ਫੌਰੀ ਤੱਥ

- ਲੀਗਲ ਏਡ ਅਲਬਰਟਾ ਨੇ 2022-23 ਵਿੱਚ 35,449 ਕਲਾਇੰਟਾਂ ਦੀ ਸੇਵਾ ਕੀਤੀ।
- ਅਲਬਰਟਾ ਸਰਕਾਰ, ਅਲਬਰਟਾ ਲਾਅ ਫਾਉਂਡੇਸ਼ਨ ਅਤੇ ਫੈਡਰਲ ਸਰਕਾਰ, ਲੀਗਲ ਏਡ ਨੂੰ ਫੰਡ ਦਿੰਦੇ ਹਨ।

# ਸੰਬੰਧਿਤ ਜਾਣਕਾਰੀ

- ਲੀਗਲ ਏਡ ਅਲਬਰਟਾ
- ਲਾਅ ਸੋਸਾਇਟੀ ਆਫ਼ ਅਲਬਰਟਾ
- ਸੰਚਾਲਨ ਸਮਝੌਤਾ

# ਸੰਬੰਧਿਤ ਖ਼ਬਰਾਂ

- ਕਾਨੂੰਨੀ ਸਹਾਇਤਾ ਦੇ ਵਕੀਲਾਂ ਲਈ ਦਰਾਂ ਵਿੱਚ ਵਾਧਾ (21 ਦਸੰਬਰ, 2022)
- ਕਾਨੂੰਨੀ ਸਹਾਇਤਾ ਦਾ ਆਧੁਨਿਕੀਕਰਨ (5 ਅਕਤੂਬਰ, 2022)

# ਮੀਡੀਆ ਪੁੱਛ-ਗਿੱਛ


## ਚਿਨਯੇ ਅਨੋਕਵਰੁ (Chinenye Anokwuru)

780-720-1915
ਸੀਨੀਅਰ ਪ੍ਰੈਸ ਸੈਕ੍ਰੇਟਰੀ, ਜਸਟਿਸ